Exam.Code:0029
Sub. Code: **0929**

1127

Bachelor of Computer Applications

Third Semester

Punjabi (Compulsory)

Time allowed: 3 Hours Max. Marks: 45

ਨੋਟ: ਸਾਫ ਤੇ ਸਪਸ਼ਟ ਲਿਖੋ। 2. ਰਚਨਾਤਮਕ ਜਵਾਬ ਲਿਖੋ। 3. ਵੱਖ-ਵੱਖ ਭਾਗਾਂ ਵਾਲੇ ਸਾਰੇ ਸਵਾਲ ਇਕੱਠੇ ਸਵਾਲ ਇਕੱਠੇ ਹੱਲ ਕਰੋ।

ਪ੍ਰ.1 ਕਿਸੇ ਇੱਕ ਕਾਵਿ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ: (5)

(ੳ) ਡਾਲੀ ਨਾਲੋਂ ਤੋੜ ਨ ਸਾਨੂੰ, ਅਸਾਂ ਹੱਟ ਮਹਿਕ ਦੀ ਲਾਈ।
ਲੱਖ ਗਾਹਕ ਜੇ ਸੁੰਘੇ ਆਕੇ, ਖਾਲੀ ਇੱਕ ਨ ਜਾਈ।
ਤੂੰ ਜੇ ਇੱਕ ਤੋੜ ਕੇ ਲੈ ਗਿਓਂ, ਇੱਕ ਜੋਗਾ ਰਹਿ ਜਾਸਾਂ,
ਉਹ ਭੀ ਪਲਕ ਝਲਕ ਦਾ ਮੇਲਾ, ਰੂਪ ਮਹਿਕ ਨੱਸ ਜਾਈ।

(ਅ) ਮਾਂ ਵਰਗਾ ਘਣ-ਛਾਵਾਂ ਬੂਟਾ, ਮੈਨੂੰ ਨਜ਼ਰ ਨਾ ਆਏ।
ਲੈ ਕੇ ਜਿਸ ਤੋਂ ਛਾਂ ਉਧਾਰੀ, ਰੱਬ ਨੇ ਸੁਰਗ ਬਣਾਏ।
ਬਾਕੀ ਕੁੱਲ ਦੁਨੀਆਂ ਦੇ ਬੂਟੇ, ਜੜ੍ਹ ਸੁਕਿਆਂ ਮੁਰਝਾਂਦੇ,
ਐਪਰ ਫੁੱਲਾਂ ਦੇ ਮੁਰਝਾਇਆਂ, ਇਹ ਬੂਟਾ ਸੁੱਕ ਜਾਏ।

ਪ੍ਰ. 2. ਕਿਸੇ ਇੱਕ ਕਵਿਤਾ ਦਾ ਸਾਰ ਜਾਂ ਕੇਂਦਰੀ ਭਾਵ ਲਿਖੋ। (5)

(ੳ) ਏਕੇ ਦੀ ਬਰਕਤ (ਅ) ਜਵਾਨ ਪੰਜਾਬ (ੲ) ਆਖਾਂ ਵਾਰਸ ਸ਼ਾਹ ਨੂੰ

ਪ੍ਰ.3 ਕਿਸੇ ਇੱਕ ਕਹਾਣੀ ਦਾ ਸਾਰ ਲਿਖੋ। (5)

(ੳ) ਸਵਰਗ ਦੀ ਝਲਕ (ਅ) ਮਾਮਲਾ

ਪ੍ਰ.4 ਕਿਸੇ ਇੱਕ ਕਵੀ ਜਾਂ ਕਹਾਣੀਕਾਰ ਦੇ ਜੀਵਨ, ਰਚਨਾ ਅਤੇ ਯੋਗਦਾਨ ਬਾਰੇ ਜਾਣਕਾਰੀ ਦਿਓ: (8)

(ੳ) ਪ੍ਰੋ. ਮੋਹਨ ਸਿੰਘ (ਅ) ਕੁਲਵੰਤ ਸਿੰਘ ਵਿਰਕ

ਪ੍ਰ.5 ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਉੱਤੇ (ਲੱਗਭਗ 500 ਸ਼ਬਦਾਂ ਵਿੱਚ) ਲੇਖ ਲਿਖੋ: (7)

(ੳ) ਵਾਤਾਵਰਣ ਦੀ ਸੰਭਾਲ (ਅ) ਨੌਜਵਾਨ ਅਤੇ ਨਸ਼ੇ

(ੲ) ਸੋਸ਼ਲ ਮੀਡੀਆ (ਸ) ਭ੍ਰਿਸ਼ਟਾਚਾਰ ਅਤੇ ਰਾਜਨੀਤੀ

ਪ੍ਰ.6 ਹੇਠ ਲਿਖੇ ਸ਼ਬਦਾਂ ਵਿੱਚੋਂ ਸੱਤ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:

ਸ਼ੈਹਰ, ਮੇਹਰਬਾਨ, ਰਾਯਾਨੀ, ਬੌਹਡ, ਰੌਣਕ, ਦੁਪੈਹਰ, ਲੰਗਣਾ, ਛੇਰ, ਪੁਤ੍ਰ, ਦੁਸੈਹਰਾ। (7)

ਪ੍ਰ.7 ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ਅੱਠ ਨੂੰ ਸੋਧ ਕੇ ਲਿਖੋ: - (8)

1. ਹਾਕੀ ਖੇਡਦੀ ਹੈ ਰਾਣੀ।
2. ਰੀਮਾ ਤੁਰਦੀ ਹੈ ਬਹੁਤ ਤੇਜ਼।
3. ਮੈਂ ਇੱਕ ਘੜਾ ਮਿੱਟੀ ਦਾ ਖ਼ਰੀਦਿਆ।
4. ਕੁੱਤਾ ਕਾਲਾ ਮਰ ਗਿਆ।
5. ਬਲਦ ਤੇ ਗਾਵਾਂ ਚਰਦੀ ਹੈ।
6. ਮੈਂ ਪ੍ਰਿੰਸੀਪਲ ਹੁੰਦੀ, ਕਾਸ਼!
7. ਮਨਜੀਤ ਤੇ ਦਲਜੀਤ ਹੱਸ ਰਿਹਾ ਹੈ।
8. ਤੁਸੀਂ ਕੀ ਮੇਰਾ ਕੰਮ ਕਰ ਦਿਓਗੇ?
9. ਉਸਨੇ ਜਾਣਾ ਹੈ ਪਟਿਆਲੇ।
10. ਖਾਣ ਦੇ ਹੋਰ ਦਿਖਾਉਣ ਦੇ ਹੋਰ ਹਾਥੀ ਦੇ ਦੰਦ।

x-x-x